

# ਨਿਊਜ਼ ਰਿਲੀਜ਼

ਓਨਟੇਰੀਓ ਦਾ ਬਜਟ • 2014 ਵਿੱਤ ਮੰਤਰਾਲਾ (MINISTRY of FINANCE)

## ਬਿਹਤਰ, ਮਜ਼ਬੂਤ ਭਵਿੱਖ ਵਾਸਤੇ ਅੱਜ ਓਨਟੇਰੀਓ ਨੂੰ ਅੱਗੇ ਲਿਜਾਉਣਾ

*2014 ਲਈ ਓਨਟੇਰੀਓ ਬਜਟ ਨੌਕਰੀਆਂ ਪੈਦਾ ਕਰਨ ਅਤੇ ਅਰਥ-ਵਿਵਸਥਾ ਨੂੰ ਅੱਗੇ ਲਿਜਾਉਣ, ਆਧੁਨਿਕ ਟ੍ਰੈਂਜ਼ਿਟ ਅਤੇ ਬੁਨਿਆਦੀ ਢਾਂਚਾ ਉਸਾਰਨ, ਅਤੇ ਓਨਟੇਰੀਓ ਵਾਸੀਆਂ ਦੀ ਰਿਟਾਇਰਮੈਂਟ ਵਿੱਚ ਉਹਨਾਂ ਦੀ ਮਦਦ ਕਰਨ ਦੀ ਯੋਜਨਾ ਦੇ ਨਾਲ, 2017–18 ਤਕ ਬਜਟ ਨੂੰ ਸੰਤੁਲਿਤ ਕਰਦੇ ਹੋਏ ਅੱਗੇ ਵੱਧਦਾ ਹੈ।*

ਖ਼ਬਰਾਂ 14 ਜੁਲਾਈ 2014

ਓਨਟੇਰੀਓ ਅੱਜ ਅਤੇ ਆਉਣ ਵਾਲੇ ਸਮੇਂ ਲਈ ਮੌਕੇ ਅਤੇ ਸੁਰੱਖਿਆ ਵਧਾਉਣ ਦੀ ਯੋਜਨਾ ਦੇ ਨਾਲ ਅੱਗੇ ਵੱਧ ਰਿਹਾ ਹੈ। ਵਿੱਤ ਮੰਤ੍ਰੀ (Minister of Finance) Charles Sousa ਵੱਲੋਂ ਅੱਜ ਪੇਸ਼ ਕੀਤਾ ਗਿਆ 2014 ਲਈ ਓਨਟੇਰਿਓ ਦਾ ਬਜਟ ਬੇਹਦ ਹੁਨਰਮੰਦ ਕਰਮਚਾਰੀ ਦਲ ਵਿੱਚ ਨਿਵੇਸ਼ ਕਰ ਕੇ, ਆਧੁਨਿਕ ਬੁਨਿਆਦੀ ਢਾਂਚਾ ਅਤੇ ਆਵਾਜਾਈ ਦਾ ਨੈਟਵਰਕ ਬਣਾ ਕੇ, ਅਤੇ ਗਤੀਸ਼ੀਲ ਅਤੇ ਨਵੀਨਤਾਕਾਰੀ ਕਾਰੋਬਾਰੀ ਮਾਹੌਲ ਨੂੰ ਸਮਰਥਨ ਦੇ ਕੇ ਨੌਕਰੀਆਂ ਪੈਦਾ ਕਰਨ ਲਈ ਫੌਰੀ ਕਦਮ ਚੁੱਕਦਾ ਹੈ।

ਇਹ ਬਜਟ ਉਸ ਰਿਟਾਇਰਮੈਂਟ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਵੀ ਕਦਮ ਚੁੱਕਦਾ ਹੈ ਜਿਸਦੀ ਕਰਮਚਾਰੀਆਂ ਨੂੰ ਲੋੜ ਹੈ, ਇਕ ਪਹਿਲਕਦਮੀ ਜੋ ਕਿ ਲੰਮੀ-ਮਿਆਦ ਦੀ ਆਰਥਿਕ ਤਰੱਕੀ ਦਾ ਸਮਰਥਨ ਕਰਦੀ ਹੈ। ਸਰਕਾਰ ਜ਼ਿੰਮੇਵਾਰੀ ਦੇ ਨਾਲ ਖਰਚ ਕਰਨ ਅਤੇ 2017–18 ਤਕ ਘਾਟੇ ਨੂੰ ਖ਼ਤਮ ਕਰਨ ਲਈ ਕੰਮ ਕਰਨਾ ਜਾਰੀ ਰੱਖੇਗੀ। ਜਿਵੇਂ ਕਿ ਬਜਟ 2014 ਵਿੱਚ ਦੱਸਿਆ ਗਿਆ ਹੈ, ਹਰੇਕ ਖੇਤਰ ਵਿੱਚ ਲੋਕਾਂ ਲਈ ਵਧੇਰੇ ਮੌਕੇ ਅਤੇ ਵਧੇਰੇ ਸੁਰੱਖਿਆ ਪੈਦਾ ਕਰਦੇ ਸਮੇਂ ਆਪਣੇ ਵਿੱਤੀ ਟੀਚੇ ਪ੍ਰਾਪਤ ਕਰਨ ਲਈ, ਸਰਕਾਰ ਧਿਆਨ ਨਾਲ ਖਰਚ ਕਰਨ ਦਾ ਪ੍ਰਬੰਧਨ ਕਰੇਗੀ ਅਤੇ ਨਾਲ ਹੀ ਅਜਿਹੇ ਰਣਨੀਤਿਕ ਨਿਵੇਸ਼ ਕਰੇਗੀ ਜੋ ਓਨਟੇਰੀਓ ਦੇ ਲੋਕਾਂ ਅਤੇ ਕਾਰੋਬਾਰਾਂ ਲਈ ਮੁਕਾਬਲੇਦਾਰ ਅਨੁਕੂਲ ਸਥਿਤੀਆਂ ਪੈਦਾ ਕਰਨਗੇ ।

ਲੋਕਾਂ ਦੀਆਂ ਪ੍ਰਤਿਭਾਵਾਂ ਅਤੇ ਹੁਨਰਾਂ ਨੂੰ ਵਧਾਉਣਾ

ਚੁਣੌਤੀਭਰੇ ਵਿਸ਼ਵ-ਵਿਆਪੀ ਆਰਥਿਕ ਮਾਹੌਲ ਦੇ ਬਾਵਜੂਦ, ਓਨਟੇਰੀਓ ਲਗਾਤਾਰ ਨਿਵੇਸ਼ਾਂ ਨੂੰ ਆਕਰਸ਼ਿਤ ਕਰ ਰਿਹਾ ਹੈ ਜੋ ਨੌਕਰੀਆਂ ਪੈਦਾ ਕਰ ਰਹੇ ਹਨ, ਅਰਥ-ਵਿਵਸਥਾ ਨੂੰ ਅੱਗੇ ਲਿਜਾ ਰਹੇ ਹਨ, ਅਤੇ ਅੱਜ ਅਤੇ ਆਉਣ ਵਾਲੇ ਸਮੇਂ ਵਿੱਚ ਕਾਮਿਆਂ ਲਈ ਮੌਕਿਆਂ ਨੂੰ ਵਧਾ ਰਹੇ ਹਨ। ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਆਰਥਿਕ ਤਰੱਕੀ ਨੂੰ ਬਣਾਏ ਰੱਖਣ ਵਿੱਚ ਓਨਟੇਰੀਓ ਦੇ ਪ੍ਰਤਿਭਾਸ਼ੀਲ ਕਰਮਚਾਰੀ ਇਸਦੀ ਸਭ ਤੋਂ ਵੱਡੀ ਪੂੰਜੀ ਹਨ। ਇਹ ਬਜਟ, ਹੇਠਾਂ ਲਿਖੇ ਕੰਮਾਂ ਦੁਆਰਾ ਓਨਟੇਰੀਓ ਦੇ ਲੋਕਾਂ ਦੀਆਂ ਸ਼ਕਤੀਆਂ ਨੂੰ ਮਜ਼ਬੂਤ ਕਰਦੇ ਹਨ:

- ਇਸ ਪਤਝੜ ਦੇ ਮੌਸਮ ਪੂਰਾ-ਦਿਨ ਦੇ ਕਿੰਡਰਗਾਰਟਨ (Full-Day Kindergarten) ਨੂੰ ਸ਼ੁਰੂ ਕਰਨਾ ਅਤੇ ਬਾਲ ਦੇਖਭਾਲ ਦੇ ਆਧੁਨਿਕੀਕਰਣ ਅਤੇ ਸਥਿਰੀਕਰਣ ਵਿੱਚ ਨਿਵੇਸ਼ ਕਰਨਾ, ਤਾਂ ਜੋ ਓਨਟੇਰੀਓ ਵਿੱਚ ਹਰੇਕ ਬੱਚੇ ਨੂੰ ਜ਼ਿੰਦਗੀ ਵਿੱਚ ਸਭ ਤੋਂ ਵਧੀਆ ਸੰਭਵ ਸ਼ੁਰੂਆਤ ਮਿਲੇ।
- ਕਲਾਸਰੂਮ ਟੈਕਨਾਲੋਜੀ ਵਿੱਚ ਨਿਵੇਸ਼ ਕਰਨਾ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ ਨਿੱਕੇ ਸਿਖਿਆਰਥੀ 21ਵੀਂ ਸਦੀ ਦੀ ਅਰਥ-ਵਿਵਸਥਾ ਦੀ ਅਗਵਾਈ ਕਰਨ ਲਈ ਤਿਆਰ ਹਨ।
- 30% ਛੂਟ ਵਾਲੀ ਓਨਟੇਰੀਓ ਟਿਊਸ਼ਨ ਗ੍ਰਾਂਟ (30% Off Ontario Tuition grant) ਮੁਹੱਈਆ ਕਰਨੀ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ 260,000 ਤਕ ਨੌਜਵਾਨ ਡਿਗਰੀ ਜਾਂ ਡਿਪਲੋਮਾ ਹਾਸਲ ਕਰਨ ਦਾ ਖਰਚਾ ਚੁੱਕ ਸਕਦੇ ਹਨ ਜਿਸ ਕਾਰਨ ਉਹਨਾਂ ਨੂੰ ਹੋਰ ਮੌਕੇ ਮਿਲਣਗੇ।

- ਓਨਟੇਰੀਓ ਦੇ ਨੌਜਵਾਨਾਂ ਲਈ ਨੌਕਰੀਆਂ ਦੀ ਰਣਨੀਤੀ (Ontario Youth Jobs Strategy) ਨੂੰ ਵਧਾਉਣਾ ਤਾਂ ਜੋ ਨੌਜਵਾਨਾਂ ਨੂੰ ਨੌਕਰੀ ਦੇ ਬਜ਼ਾਰ ਵਿੱਚ ਪੈਰ ਜਮਾਉਣ ਦਾ ਮੌਕਾ ਮਿਲੇ। ਇਸ ਰਣਨੀਤੀ ਦੇ ਹਿੱਸੇ ਵਜੋਂ, ਯੂਥ ਇੰਪਲੋਇਮੈਂਟ ਫੰਡ (Youth Employment Fund) ਨੇ ਪਹਿਲਾਂ ਹੀ ਸਤੰਬਰ 2013 ਤੋਂ ਹੁਣ ਤਕ 16,500 ਨੌਜਵਾਨਾਂ ਨੂੰ ਕੰਮ ਦਾ ਤਜ਼ਰਬਾ ਹਾਸਲ ਕਰਨ ਅਤੇ ਨੌਕਰੀਆਂ ਲੱਭਣ ਵਿੱਚ ਮਦਦ ਕੀਤੀ ਹੈ।

## ਆਧੁਨਿਕ ਬੁਨਿਆਦੀ ਢਾਂਚਾ ਅਤੇ ਆਵਾਜਾਈ ਦੇ ਨੈਟਵਰਕ ਬਣਾਉਣੇ

ਓਨਟੇਰੀਓ ਦਾ ਜਨਤਕ ਬੁਨਿਆਦੀ ਢਾਂਚਾ — ਸਾਡੀਆਂ ਸੜਕਾਂ, ਪੁਲ, ਟ੍ਰੈਂਜ਼ਿਟ ਪ੍ਰਣਾਲੀਆਂ, ਹਸਪਤਾਲ, ਅਤੇ ਸਕੂਲ — ਰਹਿਣ, ਕੰਮ ਕਰਨ ਅਤੇ ਨਿਵੇਸ਼ ਕਰਨ ਲਈ ਸੂਬੇ ਨੂੰ ਦੁਨੀਆਂ ਦੀਆਂ ਬਿਹਤਰੀਨ ਥਾਵਾਂ ਵਿੱਚੋਂ ਇੱਕ ਬਣਾਉਣ 'ਚ ਮਦਦ ਕਰਦੇ ਹਨ। ਓਨਟੇਰੀਓ ਦੇ ਬੁਨਿਆਦੀ ਢਾਂਚੇ ਦੇ ਫਾਇਦੇ ਨੂੰ ਅੱਗੇ ਵਧਾਉਣ ਲਈ, ਬਜਟ 2014 ਅਗਲੇ 10 ਸਾਲਾਂ ਦੇ ਦੌਰਾਨ $130 ਬਿਲੀਅਨ ਤੋਂ ਵੱਧ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਕਰਦਾ ਹੈ। ਇਹ ਨਿਵੇਸ਼ ਤੁਰੰਤ ਨੌਕਰੀਆਂ ਪੈਦਾ ਕਰੇਗਾ, ਓਨਟੇਰੀਓ ਦੇ ਉਤਪਾਦ ਵਿੱਚ ਸੁਧਾਰ ਕਰੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਨੌਕਰੀਆਂ ਅਤੇ ਵਾਧੇ ਨੂੰ ਸਮਰਥਨ ਦੇਵੇਗਾ। ਇਸ ਵਿੱਚ ਸ਼ਾਮਲ ਹੈ:

- ਨਵੇਂ ਸਮਰਪਿਤ ਫੰਡ ਜੋ ਅਗਲੇ 10 ਸਾਲਾਂ ਦੇ ਦੌਰਾਨ ਲਗਭਗ $29 ਬਿਲੀਅਨ ਉਪਲਬਧ ਕਰਾਉਣਗੇ, ਇਸ ਨਾਲ ਹਾਈਵੇਅਜ਼, ਜਨਤਕ ਆਵਾਜਾਈ, ਸੜਕਾਂ ਅਤੇ ਪੁਲਾਂ ਵਿੱਚ ਨਿਵੇਸ਼ ਕਰ ਕੇ ਰੁਕਾਵਟ ਰਹਿਤ ਅਤੇ ਸੂਬੇ ਭਰ ਵਿੱਚ ਫੈਲਿਆ ਆਵਾਜਾਈ ਨੈਟਵਰਕ ਬਣਾਇਆ ਜਾਏਗਾ। ਫੰਡ ਆਬਾਦੀ ਦੇ ਅਨੁਸਾਰ ਨਿਰਪੱਖਤਾ ਅਤੇ ਪਾਰਦਰਸ਼ਤਾ ਦੇ ਨਾਲ ਵੰਡੇ ਜਾਣਗੇ, ਜਿਸ ਨਾਲ ਗ੍ਰੇਟਰ ਟੋਰਾਂਟੋ ਅਤੇ ਹਮਿਲਟਨ ਇਲਾਕਾ (Greater Toronto and Hamilton Area) (GTHA) ਨੂੰ $15 ਬਿਲੀਅਨ ਪ੍ਰਾਪਤ ਹੋਣਗੇ ਅਤੇ ਓਨਟੇਰੀਓ ਦੇ ਦੂਜੇ ਖੇਤਰਾਂ ਨੂੰ ਕਰੀਬਨ $14 ਬਿਲੀਅਨ ਪ੍ਰਾਪਤ ਹੋਣਗੇ।
- ਰਿੰਗ ਆਫ ਫਾਇਰ ਵਿੱਚ ਰਣਨੀਤਿਕ ਆਵਾਜਾਈ ਦਾ ਬੁਨਿਆਦੀ ਢਾਂਚਾ ਵਿਕਸਿਤ ਕਰਨ ਅਤੇ ਉੱਤਰ ਦੀ ਵਿੱਤੀ ਤਰੱਕੀ ਅਤੇ ਨੌਕਰੀਆਂ ਦੀ ਸੰਭਾਵਨਾ ਨੂੰ ਖੋਲ੍ਹਣ ਵਾਸਤੇ $1 ਬਿਲੀਅਨ ਦੀ ਵਚਨਬੱਧਤਾ।
- ਅਗਲੇ 10 ਸਾਲਾਂ ਦੇ ਦੌਰਾਨ ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਨੂੰ ਆਧੁਨਿਕ ਬਣਾਉਣ ਲਈ $11 ਬਿਲੀਅਨ ਤੋਂ ਵੱਧ ਦਾ ਨਿਵੇਸ਼।
- ਅਗਲੇ 10 ਸਾਲਾਂ ਦੇ ਦੌਰਾਨ ਵੱਡੇ ਹਸਪਤਾਲ ਪਸਾਰ ਅਤੇ ਪੁਨਰ-ਵਿਕਾਸ ਦੇ ਪ੍ਰੋਜੈਕਟਾਂ ਵਿੱਚ $11.4 ਬਿਲੀਅਨ ਤੋਂ ਵੱਧ।
- ਸੈਕੰਡਰੀ ਤੋਂ ਬਾਅਦ ਦੇ ਨਵੇਂ ਜਾਂ ਵਿਸਤ੍ਰਿਤ ਕੈਂਪਸ ਜਿਸ ਨਾਲ ਯਕੀਨੀ ਬਣਾਇਆ ਜਾ ਸਕੇ ਕਿ ਓਨਟੇਰੀਓ ਵਿੱਚ ਉੰਨੇ ਜ਼ਿਆਦਾ ਕਾਲਜ ਅਤੇ ਯੂਨੀਵਰਸਿਟੀਆਂ ਵਿੱਚ ਥਾਂ ਹੈ ਜਿੰਨੇ ਉੱਥੇ ਅਭਿਲਾਸ਼ੀ ਅਤੇ ਪ੍ਰਤਿਭਾਸ਼ੀਲ ਨੌਜਵਾਨ ਹਨ।

## ਸਮਰਥਕ ਅਤੇ ਗਤੀਸ਼ੀਲ ਕਾਰੋਬਾਰੀ ਮਾਹੌਲ ਬਣਾਉਣਾ

ਓਨਟੇਰੀਓ ਦੀ ਵੱਖ-ਵੱਖ ਖੇਤਰਾਂ ਵਿੱਚ ਫੈਲੀ ਹੋਈ ਅਰਥ ਵਿਵਸਥਾ ਉਸ ਬੁਨਿਆਦੀ ਢਾਂਚੇ ਦੇ ਸਹਾਰੇ ਚਲਦੀ ਹੈ ਜੋ ਕੁਸ਼ਲ ਤਰੀਕੇ ਨਾਲ ਲੋਕਾਂ ਅਤੇ ਮਾਲ ਨੂੰ ਇੱਕ ਸਥਾਨ ਤੋਂ ਦੂਜੇ ਸਥਾਨ 'ਤੇ ਲਿਜਾਉਂਦਾ ਹੈ, ਬਹੁਤ ਜ਼ਿਆਦਾ ਹੁਨਰਮੰਦ ਕਰਮਚਾਰੀ ਜਿਹਨਾਂ ਦੀ ਵੱਧ ਰਹੇ ਕਾਰੋਬਾਰਾਂ ਨੂੰ ਲੋੜ ਹੁੰਦੀ ਹੈ, ਅਤੇ ਅੰਤਰਰਾਸ਼ਟਰੀ ਤੌਰ 'ਤੇ ਮੁਕਾਬਲੇਦਾਰ ਅਤੇ ਪੇਸ਼ੀਨਗੋਈ ਯੋਗ ਟੈਕਸ ਦੀ ਦਰ। ਓਨਟੇਰੀਓ ਦੇ ਗਤੀਸ਼ੀਲ ਅਤੇ ਨਵੀਨਤਾਕਾਰੀ ਕਾਰੋਬਾਰੀ ਮਾਹੌਲ ਦੀ ਸ਼ਕਤੀ ਨੂੰ ਹੋਰ ਵਧਾਉਣ ਲਈ, ਬਜਟ 2014 ਰਣਨੀਤਿਕ ਸਾਂਝੇਦਾਰੀਆਂ ਵਿੱਚ ਨਿਵੇਸ਼ ਕਰਦਾ ਹੈ ਜੋ ਕਾਰੋਬਾਰਾਂ, ਭਾਈਚਾਰਿਆਂ ਅਤੇ ਲੋਕਾਂ ਲਈ ਟਿਕਾਊ ਵਿੱਤੀ ਫਾਇਦੇ ਪੈਦਾ ਕਰਦਾ ਹੈ। ਇਸ ਵਿੱਚ ਸ਼ਾਮਲ ਹੈ:

- ਨਿਰਯਾਤ ਵਧਾਉਣ ਅਤੇ ਨਵੇਂ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ, ਵਿਸ਼ਵ-ਵਿਆਪੀ ਵਪਾਰ ਮਿਸ਼ਨਾਂ ਸਮੇਤ, ਸਥਾਨਕ ਅਤੇ ਅੰਤਰਰਾਸ਼ਟਰੀ ਸਾਂਝੇਦਾਰੀਆਂ 'ਤੇ ਧਿਆਨ।
- ਕਾਰੋਬਾਰ ਦੇ ਨਾਲ ਰਣਨੀਤਿਕ ਅਤੇ ਨੌਕਰੀਆਂ ਪੈਦਾ ਕਰਨ ਵਾਲੀਆਂ ਸਾਂਝੇਦਾਰੀਆਂ 'ਤੇ ਵਧਾਇਆ ਗਿਆ ਧਿਆਨ, ਜਿਸ ਨੂੰ 10 ਸਾਲਾਂ ਵਿੱਚ $2.5 ਬਿਲੀਅਨ ਨੌਕਰੀਆਂ ਅਤੇ ਖੁਸ਼ਹਾਲੀ ਫੰਡ (Jobs and Prosperity Fund) ਦਾ ਸਹਾਰਾ ਦਿੱਤਾ ਗਿਆ ਹੈ। ਇਸ ਫੰਡ ਦੇ ਰਾਹੀਂ, ਓਨਟੇਰੀਓ ਦੇ ਪਰੰਪਰਾਗਤ ਅਤੇ ਵੱਧ ਰਹੇ ਉਦਯੋਗਾਂ ਨੂੰ ਉਹ ਮਿਲੇਗਾ ਜੋ ਨਵੇਂ ਨਿਵੇਸ਼ਾਂ ਲਈ ਇੱਕ ਅੰਤਰਰਾਸ਼ਟਰੀ ਮੁਕਾਬਲਾ ਬਣ ਗਿਆ ਹੈ, ਅਤੇ ਹਰੇਕ ਖੇਤਰ ਵਿੱਚ ਭਾਈਚਾਰਿਆਂ ਨੂੰ ਫਾਇਦਾ ਹੋਵੇਗਾ।

## ਰਿਟਾਇਰਮੈਂਟ ਸੁਰੱਖਿਆ ਬਣਾਉਣੀ

ਸੂਬਾ ਓਨਟੇਰੀਓ ਰਿਟਾਇਰਮੈਂਟ ਪੈਨਸ਼ਨ ਪਲੈਨ (Ontario Retirement Pension Plan) ਬਣਾਏਗਾ ਤਾਂ ਜੋ ਵਧੇਰੇ ਸੁਰੱਖਿਅਤ ਰਿਟਾਇਰਮੈਂਟ ਬਣਾਉਣ ਵਿੱਚ ਕੰਮਕਾਜੀ ਪਰਿਵਾਰਾਂ ਦੀ ਮਦਦ ਹੋ ਸਕੇ । ਕਨੇਡਾ ਪੈਨਸ਼ਨ ਪਲੈਨ (CPP) ਭੁਗਤਾਨਾਂ ਦੇ ਨਾਲ ਜਦੋਂ ਮਿਲਾਇਆ ਜਾਏਗਾ, ਇਹ ਆਰਾਮਦੇਹ ਰਿਟਾਇਰਮੈਂਟ ਮੁਹੱਈਆ ਕਰੇਗਾ ਜਿਸਦੇ ਉਹ ਹੱਕਦਾਰ ਹਨ। ਓਨਟੇਰੀਓ ਰਿਟਾਇਰਮੈਂਟ ਪੈਨਸ਼ਨ ਪਲੈਨ(Ontario Retirement Pension Plan):

- ਅਗਾਊਂ ਅਨੁਮਾਨ ਅਨੁਸਾਰ ਆਮਦਨੀ ਦਾ ਪ੍ਰਵਾਹ ਮੁਹੱਈਆ ਕਰੇਗਾ, ਮੁਦਰਾ-ਸਫੀਤੀ ਨਾਲ ਜੁੜਿਆ ਹੋਵੇਗਾ, ਅਤੇ ਰਿਟਾਇਰਮੈਂਟ ਵਿੱਚ ਜ਼ਿੰਦਗੀ ਭਰ ਲਈ ਦਿੱਤਾ ਜਾਵੇਗਾ।
- ਕੰਮ ਦੇ ਸਥਾਨ 'ਤੇ ਪੈਨਸ਼ਨ ਯੋਜਨਾ ਦੇ ਬਿਨਾਂ 3 ਮਿਲੀਅਨ ਤੋਂ ਵੱਧ ਓਨਟੇਰੀਓ ਵਾਸੀਆਂ ਲਈ ਲਾਜ਼ਮੀ ਹੋਵੇਗਾ ਅਤੇ ਇਸਦੇ ਲਈ ਮੁਲਾਜ਼ਮਾਂ ਅਤੇ ਰੁਜ਼ਗਾਰਦਾਤਾਵਾਂ ਤੋਂ ਨਿਆਂਪੂਰਨ ਅਤੇ ਬਰਾਬਰ ਯੋਗਦਾਨਾਂ ਦੀ ਲੋੜ ਹੋਵੇਗੀ।
- ਸਰਕਾਰ ਤੋਂ ਸੁਰੱਖਿਅਤ ਦੂਰੀ 'ਤੇ ਕੰਮ ਕਰੇਗਾ, ਜਿਸ ਦੇ ਲਾਗੂਕਰਣ ਦੀ ਅਗਵਾਈ OMERS ਦੇ ਸਾਬਕਾ CEO Michael Nobrega ਕਰਨਗੇ।
- ਓਨਟੇਰੀਓ ਨੂੰ ਲੰਮੀ-ਮਿਆਦ ਦੇ ਆਰਥਿਕ ਫਾਇਦੇ ਮੁਹੱਈਆ ਕਰੇਗਾ ਜਦੋਂ ਭੁਗਤਾਨ ਰਿਟਾਇਰਮੈਂਟ ਤੋਂ ਬਾਅਦ ਲੋਕਾਂ ਨੂੰ ਆਪਣੀ ਜ਼ਿੰਦਗੀ ਦਾ ਪੱਧਰ ਬਣਾਏ ਰੱਖਣ ਅਤੇ ਖਰਚ ਕਰਦੇ ਰਹਿਣ ਵਿੱਚ ਮਦਦ ਕਰਨਗੇ।
- ਪੈਨਸ਼ਨ ਮਾਹਰਾਂ, ਸੂਬਿਆਂ, ਕਾਰੋਬਾਰਾਂ ਅਤੇ ਮਜ਼ਦੂਰਾਂ ਦੇ ਨਾਲ ਵਿਚਾਰ-ਵਟਾਂਦਰੇ ਕਰਕੇ ਤਿਆਰ ਕੀਤਾ ਜਾਵੇਗਾ, ਤਾਂ ਜੋ ਯਕੀਨੀ ਬਣਾਇਆ ਜਾ ਸਕੇ ਕਿ ਵਿਆਪਕ ਦ੍ਰਿਸ਼ਟੀਕੋਣਾਂ ਨੂੰ ਸੁਣਿਆ ਗਿਆ ਹੈ।

## ਮੌਕੇ ਅਤੇ ਇੱਕ ਨਿਰਪੱਖ ਓਨਟੇਰੀਓ ਬਣਾਉਣਾ

ਸਰਕਾਰ ਸਮਝਦੀ ਹੈ ਕਿ ਓਨਟੇਰੀਓ ਦੀ ਸਫਲਤਾ ਸਾਰੇ ਲੋਕਾਂ ਦੀ ਕਾਮਯਾਬੀ 'ਤੇ ਨਿਰਭਰ ਕਰਦੀ ਹੈ। ਬਜਟ 2014 ਇੱਕ ਵਧੇਰੇ ਨਿਰਪੱਖ ਓਨਟੇਰੀਓ ਬਣਾਉਂਦਾ ਹੈ ਜੋ ਕਾਰਵਾਈਆਂ ਰਾਹੀਂ ਆਰਥਿਕ ਤਰੱਕੀ ਦਾ ਸਮਰਥਨ ਕਰਦਾ ਹੈ ਜਿਹਨਾਂ ਵਿੱਚ ਸ਼ਾਮਲ ਹਨ:

- ਸਮਾਜਕ ਸਹਾਇਤਾ ਸਿਸਟਮ ਵਿੱਚ ਸੁਧਾਰ ਕਰਨਾ ਜਾਰੀ ਰੱਖਣਾ, ਜਿਸ ਨਾਲ ਆਮਦਨੀ ਵਿੱਚ ਸਹਾਇਤਾ ਵਿੱਚ ਸੁਧਾਰ ਹੋਵੇਗਾ ਅਤੇ ਕਾਰਜ ਦਲ ਦੇ ਦਾਖਲ ਹੋਣ ਵਿੱਚ ਅੜਿੱਕੇ ਘਟਣਗੇ।
- ਮੁਦਰਾ-ਸਫੀਤੀ ਦੇ ਨਾਲ ਘੱਟੋ-ਘੱਟ ਮਜ਼ਦੂਰੀ ਨੂੰ ਜੋੜਨ ਲਈ ਕਾਨੂੰਨ ਦੀ ਤਜਵੀਜ਼ ਜਿਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇ ਕਿ ਵਰਕਰਾਂ ਨੂੰ ਸਹੀ ਮਜ਼ਦੂਰੀ ਮਿਲੇ, ਜੋ ਕਿ 1 ਜੂਨ 2014 ਨੂੰ ਵਧਾ ਕੇ $11.00 ਪ੍ਰਤੀ ਘੰਟਾ ਕਰ ਦਿੱਤੀ ਗਈ ਹੈ।
- 31 ਦਸੰਬਰ 2015 ਤੋਂ ਬਾਅਦ ਰਿਹਾਇਸ਼ੀ ਖਪਤਕਾਰਾਂ ਦੇ ਬਿਜਲੀ ਦੇ ਬਿਲਾਂ ਤੋਂ ਕਰਜ਼ਾ ਰਿਟਾਇਰਮੈਂਟ ਚਾਰਜ (Debt Retirement Charge) ਦੇ ਖਰਚੇ ਨੂੰ ਹਟਾਉਣ ਦੀ ਤਜਵੀਜ਼, ਜਿਸ ਨਾਲ ਕਿਸੇ ਆਮ ਰਿਹਾਇਸ਼ੀ ਰੇਟਪੇਅਰ ਨੂੰ ਪ੍ਰਤੀ ਸਾਲ $70 ਦੀ ਬੱਚਤ ਹੋਵੇਗੀ।
- ਅਪਾਹਜਤਾ ਵੱਧਣ ਵਾਲੇ ਬਾਲਗਾਂ ਵਾਸਤੇ ਅਤੇ ਕਮਿਊਨਿਟੀ ਸਰਵਿਸਿਜ਼ ਸੈਕਟਰਾਂ ਵਿੱਚ ਫਰੰਟ ਲਾਈਨ ਵਰਕਰਾਂ ਲਈ ਸਹਾਇਤਾ ਵਧਾਉਣੀ।
- ਜਨਤਕ ਫੰਡਿਗ ਵਾਲੇ ਘਰਾਂ ਅਤੇ ਕਮਿਊਨਿਟੀ ਸੈਕਟਰ ਵਿੱਚ ਹੋਮ ਕੇਅਰ ਵਰਕਰਾਂ ਲਈ ਅਤੇ ਫਰੰਟ ਲਾਈਨ ਚਾਈਲਡ ਕੇਅਰ ਵਰਕਰਾਂ ਲਈ ਤਨਖਾਹ ਵਧਾਉਣ ਲਈ ਸਹਾਇਤਾ ਮੁਹੱਈਆ ਕਰਨੀ।
- ਓਨਟੇਰੀਓ ਚਾਈਲਡ ਬੈਨਿਫ਼ਿਟ (Ontario Child Benefit) ਨੂੰ ਮਾਇਕ-ਪਸਾਰ ਦੇ ਸੂਚਕ-ਅੰਕ ਨਾਲ ਇਸਨੂੰ ਜੋੜਨ ਦੀ ਤਜਵੀਜ਼ ਰਾਹੀਂ ਵਧਾਉਣਾ ਤਾਂ ਜੋ ਬੱਚਿਆਂ ਨੂੰ ਆਪਣੀ ਪੂਰੀ ਸਮਰੱਥਾ ਤਕ ਪਹੁੰਚਣ ਵਿੱਚ ਉਨ੍ਹਾਂ ਦੀ ਮਦਦ ਕੀਤੀ ਜਾ ਸਕੇ।

ਮਾਲੀ ਸੰਤੁਲਨ ਦੇ ਵੱਲ ਵਧਣਾ

ਸਰਕਾਰ 2017–18 ਤਕ ਘਾਟਾ ਖ਼ਤਮ ਕਰ ਦੇਵੇਗੀ। ਬਜਟ 2014 ਖਰਚੇ ਦਾ ਜ਼ਿੰਮੇਵਾਰੀ ਨਾਲ ਪ੍ਰਬੰਧਨ ਕਰਨ ਅਤੇ ਨਵੇਂ ਵਾਧੇ ਵਿੱਚ ਰਣਨੀਤਿਕ ਤਰੀਕੇ ਨਾਲ ਨਿਵੇਸ਼ ਕਰਨ ਰਾਹੀਂ ਰਸਤਾ ਬਣਾਉਂਦਾ ਹੈ। ਟ੍ਰਿਜਰੀ ਬੋਰਡ ਦੇ ਨਵੇਂ ਪ੍ਰੈਜ਼ੀਡੈਂਟ ਦੀ ਮਦਦ ਦੇ ਨਾਲ, ਜੋ ਪੂਰੀ ਸਰਕਾਰ ਵਿੱਚ ਪਾਰਦਰਸ਼ਤਾ, ਕੁਸ਼ਲਤਾ ਅਤੇ ਜਵਾਬਦੇਹੀ ਦੀ ਹਿਮਾਇਤ ਕਰੇਗਾ, ਓਨਟੇਰੀਓ ਇੱਕ ਸੰਤੁਲਿਤ ਬਜਟ ਦੇ ਆਪਣੇ ਟੀਚੇ ਨੂੰ ਪੂਰਾ ਕਰੇਗਾ ਅਤੇ ਕਰਜ਼ੇ-ਤੋਂ-GDP ਦੇ ਮੰਦੀ ਤੋਂ ਪਹਿਲਾਂ ਵਾਲੇ ਪੱਧਰਾਂ ਵੱਲ ਵਧੇਗਾ। ਬਜਟ 2014 ਦੇ ਉਪਾਵਾਂ ਵਿੱਚ ਸ਼ਾਮਲ ਹਨ:

- ਇਕ ਸਲਾਹਕਾਰੀ ਕਾਊਂਸਿਲ ਦੇ ਨਾਲ ਜਿਸ ਦੀ ਅਗਵਾਈ ਰਿਟਾਇਰਿੰਗ ਗਰੁੱਪ ਪ੍ਰੈਜ਼ੀਡੈਂਟ ਅਤੇ TD ਬੈਂਕ ਗਰੁੱਪ ਦੇ CEO Ed Clark ਕਰਨਗੇ, ਸੂਬੇ ਦੇ ਅਸਾਸਿਆਂ ਤੋਂ ਵਧੇਰੇ ਮੁੱਲ ਕੱਢਣਾ।
- ਦੇਸ਼ ਵਿੱਚ ਪ੍ਰੋਗਰਾਮ 'ਤੇ ਸਭ ਤੋਂ ਘੱਟ ਖਰਚ ਕਰਨ ਵਾਲੀ ਸਰਕਾਰ ਦੀ ਅਗਵਾਈ ਕਰਨਾ ਜਾਰੀ ਰੱਖਣਾ।
- ਖਰਚਿਆਂ ਦਾ ਇਸ ਤਰੀਕੇ ਨਾਲ ਪ੍ਰਬੰਧਨ ਕਰਨਾ ਜਾਰੀ ਰੱਖਣਾ ਜਿਸ ਦੇ ਨਤੀਜੇ ਵੱਜੋਂ ਪਿਛਲੇ ਪੰਜ ਸਾਲਾਂ ਵਿੱਚੋਂ ਹਰੇਕ ਵਿੱਚ ਪ੍ਰੋਗਰਾਮ 'ਤੇ ਉਮੀਦ ਨਾਲੋਂ ਘੱਟ ਖਰਚ ਕੀਤਾ ਗਿਆ ਹੈ।
- ਅੱਜ ਅਤੇ ਆਉਣ ਵਾਲੇ ਸਮੇਂ ਵਿੱਚ ਤਰੱਕੀ ਪੈਦਾ ਕਰਨ ਲਈ ਲੋਕਾਂ, ਬੁਨਿਆਦੀ ਢਾਂਚੇ ਅਤੇ ਕਾਰੋਬਾਰੀ ਸਾਂਝੇਦਾਰੀਆਂ ਵਿੱਚ ਰਣਨੀਤਿਕ ਤੌਰ 'ਤੇ ਨਿਵੇਸ਼ ਕਰਨਾ।
- ਓਨਟੇਰੀਓ ਵਿੱਚ ਟੈਕਸ ਫਾਈਲ ਕਰਨ ਵਾਲਿਆਂ ਵਿੱਚੋਂ ਸਭ ਤੋਂ ਉਪਰਲੇ ਦੋ ਪ੍ਰਤਿਸ਼ਤ ਲਈ ਨਿੱਜੀ ਆਮਦਨ ਟੈਕਸ ਵਧਾਉਣ ਦਾ ਪ੍ਰਸਤਾਵ ਦੇਣਾ, ਅਤੇ 98 ਪ੍ਰਤਿਸ਼ਤ ਟੈਕਸ ਫਾਈਲ ਕਰਨ ਵਾਲਿਆਂ ਲਈ ਕੋਈ ਤਬਦੀਲੀ ਨਹੀਂ ਹੋਵੇਗੀ।

ਇੱਕ ਮਜ਼ਬੂਤ ਕਨੇਡਾ ਬਣਾਉਣਾ

ਕਨਫੈਡਰੇਸ਼ਨ ਵਿੱਚ ਅਸਲ ਵਿੱਤੀ ਯੋਗਦਾਨਕਰਤਾ ਵਜੋਂ, ਓਨਟੇਰੀਓ ਸੰਘੀ ਸਰਕਾਰ ਤੋਂ ਨਿਆਂਕਾਰੀ ਮਾਲੀ ਵਿਹਾਰ ਦੀ ਉਮੀਦ ਕਰਦਾ ਹੈ। ਪਰ ਇਸ ਸਾਲ ਓਨਟੇਰੀਓ ਵੱਲ ਮੁੱਖ ਸੰਘੀ ਟ੍ਰਾਂਸਫਰ $641 ਮਿਲੀਅਨ ਘੱਟ ਹਨ, ਜਿਸ ਨੂੰ ਸੁਤੰਤਰ ਮਾਹਰਾਂ ਅਤੇ ਇੱਥੋਂ ਤਕ ਕਿ ਕਨੇਡਾ ਦੇ ਪਾਰਲੀਮੈਂਟਰੀ ਬਜਟ ਅਫਸਰਾਂ ਨੇ ਗੈਰ-ਨਿਆਂਈ ਵਿਹਾਰ ਵੱਜੋਂ ਪਛਾਣਿਆ ਹੈ। ਓਨਟੇਰੀਓ ਸੰਘੀ ਸਰਕਾਰ ਤੋਂ ਨਿਆਂਕਾਰੀ ਮਾਲੀ ਟ੍ਰਾਂਸਫਰ ਦੀ ਮੰਗ ਕਰਨਾ ਜਾਰੀ ਰੱਖੇਗਾ ਅਤੇ ਰਾਸ਼ਟਰੀ ਅਤੇ ਸੂਬਾਈ ਦਿਲਚਸਪੀ ਵਾਲੇ ਮਾਮਲਿਆਂ 'ਤੇ ਸੰਘੀ ਭਾਗੀਦਾਰੀ ਦੀ ਮੰਗ ਕਰੇਗਾ। ਓਨਟੇਰੀਓ ਦਾ ਬਜਟ 2014 ਅਜਿਹੇ ਕਦਮ ਚੁੱਕਦਾ ਹੈ ਜੋ ਰਾਸ਼ਟਰੀ ਅਤੇ ਸੂਬਾਈ ਦੋਵਾਂ ਹਿੱਤਾਂ ਵਿੱਚ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਰਿੰਗ ਆਫ ਫਾਇਰ ਵਿੱਚ ਵਸੀਲਿਆਂ ਦੀ ਗੁੰਜੀਇਸ਼ ਖੋਹਲਣੀ।
- ਓਨਟੇਰੀਓ ਵਾਸੀਆਂ ਦੀਆਂ ਰਿਟਾਇਰਮੈਂਟ ਬੱਚਤਾਂ ਨੂੰ ਵਧਾਉਣਾ ਅਤੇ ਸੁਰੱਖਿਅਤ ਕਰਨਾ।
- ਸੜਕਾਂ ਅਤੇ ਜਨਤਕ ਟ੍ਰੈਂਜ਼ਿਟ ਪ੍ਰਣਾਲੀਆਂ ਉਸਾਰਨੀਆਂ ਜਿਸਦੀ ਸਾਡੀ ਅਰਥ-ਵਿਵਸਥਾ ਨੂੰ ਵੱਧਦਾ ਜਾਰੀ ਰੱਖਣ ਲਈ ਲੋੜ ਹੈ।

2014 ਦਾ ਓਨਟੇਰੀਓ ਬਜਟ ਮਜ਼ਬੂਤ ਓਨਟੇਰੀਓ ਲਈ ਇੱਕ ਵਿਆਪਕ ਯੋਜਨਾ ਬਣਾਉਂਦਾ ਹੈ, ਜਿਸ ਵਿੱਚ ਵਧੇਰੇ ਨੌਕਰੀਆਂ, ਵਧੇਰੇ ਮੌਕੇ ਅਤੇ ਵਧੇਰੇ ਸੁਰੱਖਿਅਤ ਭਵਿੱਖ ਹੈ। ਇਹ ਹੁਣੇ ਹੀ ਮੌਕਿਆਂ ਨਾਲ ਅਤੇ ਸਾਡੇ ਭਵਿੱਖ ਲਈ ਸੁਰੱਖਿਆ ਨਾਲ ਓਨਟੇਰੀਓ ਨੂੰ ਹੋਰ ਵੱਧ ਉਸਾਰੇਗਾ।

## ਉਕਤੀ

"ਸਾਡਾ ਬਜਟ ਓਨਟੇਰੀਓ ਵਾਸੀਆਂ ਲਈ ਬਿਹਤਰ ਅਤੇ ਮਜ਼ਬੂਤ ਭਵਿੱਖ ਦੀ ਯੋਜਨਾ ਮੁਹੱਈਆ ਕਰਦਾ ਹੈ। ਇਹ ਸੂਬੇ ਵਿੱਚ ਹਰ ਜਗ੍ਹਾ 'ਤੇ ਲੋਕਾਂ ਲਈ ਵਧੇਰੇ ਮੌਕੇ ਅਤੇ ਸੁਰੱਖਿਆ ਪੈਦਾ ਕਰਦਾ ਹੈ। ਓਨਟੇਰੀਓ ਵਾਸੀਆਂ ਨੇ ਸਾਡੇ 'ਤੇ ਅਤੇ ਸਾਡੀ ਯੋਜਨਾ 'ਤੇ ਭਰੋਸਾ ਕੀਤਾ ਹੈ ਅਤੇ ਅਸੀਂ ਅੱਗੇ ਵੱਧਣਾ ਸ਼ੁਰੂ ਕੀਤਾ ਹੈ। ਅਸੀਂ ਨਵੀਂ ਤਰੱਕੀ ਲਈ ਜ਼ਰੂਰੀ ਸਿੱਖਿਆ ਅਤੇ ਹੁਨਰਾਂ ਦੀ ਸਿਖਲਾਈ ਵਿੱਚ ਨਿਵੇਸ਼ ਕਰਾਂਗੇ। ਅਸੀਂ ਭੀੜ-ਭੜੱਕੇ ਨੂੰ ਘਟਾਉਣ ਅਤੇ ਭਾਈਚਾਰਿਆਂ ਨੂੰ ਨਵੀਆਂ ਸੜਕਾਂ ਅਤੇ ਹਾਈਵੇਜ਼ ਨਾਲ ਜੋੜਨ ਲਈ ਜਨਤਕ ਟ੍ਰੈਂਜ਼ਿਟ ਬਣਾਵਾਂਗੇ। ਅਸੀਂ ਚੰਗੀ ਤਨਖਾਹ ਵਾਲੀਆਂ ਅਰਥਪੂਰਨ ਨੌਕਰੀਆਂ ਪੈਦਾ ਕਰਨ ਵਾਸਤੇ ਕਾਰੋਬਾਰਾਂ ਦੇ ਨਾਲ ਸਾਂਝੇਦਾਰੀਆਂ ਕਰਾਂਗੇ, ਅਤੇ ਭਵਿੱਖ ਵਿੱਚ ਰਿਟਾਇਰ ਹੋਣ ਵਾਲਿਆਂ ਲਈ ਹੋਰ ਵੀ ਚੰਗੀ ਵਿੱਤੀ ਸੁਰੱਖਿਆ ਮੁਹੱਈਆ ਕਰਾਂਗੇ। 2017–18 ਤਕ ਇਸ ਬਜਟ ਨੂੰ ਸੰਤੁਲਿਤ ਕਰਨ ਦੀ ਸਾਡੀ ਮਜ਼ਬੂਤ ਵਚਨਬੱਧਤਾ ਇਸ ਯੋਜਨਾ ਨੂੰ ਸਹਾਰਾ ਦੇ ਰਹੀ ਹੈ।"

— Charles Sousa, ਵਿੱਤ ਮੰਤਰੀ (Minister of Finance)

## ਜਲਦ ਤੱਥ

- ਓਨਟੇਰੀਓ ਦੀ ਅਰਥ-ਵਿਵਸਥਾ ਲਗਾਤਾਰ ਵੱਧ ਰਹੀ ਹੈ, ਅਤੇ ਨਵੀਆਂ ਨੌਕਰੀਆਂ ਅਤੇ ਕਾਰੋਬਾਰੀ ਮੌਕਿਆਂ ਵਿੱਚ ਯੋਗਦਾਨ ਪਾ ਰਹੀ ਹੈ। ਜੂਨ 2009 ਵਿੱਚ ਮੰਦੀ ਦੇ ਬਾਅਦ ਤੋਂ, ਓਨਟੇਰੀਓ ਵਿੱਚ 458,000 ਨਵੀਆਂ ਨੌਕਰੀਆਂ ਪੈਦਾ ਕੀਤੀਆਂ ਗਈਆਂ ਹਨ।
- ਜੂਨ 2009 ਦੇ ਬਾਅਦ ਤੋਂ ਓਨਟੇਰੀਓ ਵਿੱਚ ਨੌਕਰੀਆਂ ਪੈਦਾ ਹੋਣ ਦੀ ਚਾਲ, ਅਮਰੀਕਾ, ਆਰਥਿਕ ਸਹਿਯੋਗ ਅਤੇ ਵਿਕਾਸ ਲਈ ਸੰਗਠਨ (Organization for Economic Co-operation and Development) ਵਿੱਚ ਮੈਂਬਰ ਦੇਸ਼ਾਂ ਦੀ ਔਸਤ, ਅਤੇ ਬਾਕੀ ਦੇ ਸਾਰੇ ਕਨੇਡਾ ਸਮੇਤ, ਜ਼ਿਆਦਾਤਰ ਵਿਕਸਿਤ ਅਰਥ-ਵਿਵਸਥਾਵਾਂ ਤੋਂ ਮਜ਼ਬੂਤ ਰਹੀ ਹੈ।
- ਓਨਟੇਰੀਓ ਦਾ ਪ੍ਰੋਗਰਾਮ 'ਤੇ ਪ੍ਰਤੀ ਵਿਅਕਤੀ ਖਰਚਾ, ਕਨੇਡਾ ਦੇ ਸੂਬਿਆਂ ਵਿੱਚੋਂ ਸਭ ਤੋਂ ਘੱਟ ਹੈ, ਅਤੇ ਪ੍ਰਤੀ ਵਿਅਕਤੀ ਸਭ ਤੋਂ ਘੱਟ ਕੁੱਲ ਮਾਲੀਏ ਨੂੰ ਵਧਾਉਂਦਾ ਹੈ, ਜਿਸ ਵਿੱਚ ਸੰਘੀ ਟ੍ਰਾਂਸਫਰ ਤੋਂ ਫੰਡਿੰਗ ਵੀ ਸ਼ਾਮਲ ਹੈ, ਜਦ ਕਿ ਇਹ ਅਜੇ ਵੀ ਉੱਚ ਕੁਆਲਿਟੀ ਵਾਲੀਆਂ ਜਨਤਕ ਸੇਵਾਵਾਂ ਮੁਹੱਈਆ ਕਰ ਰਿਹਾ ਹੈ ਜੋ ਓਨਟੇਰੀਓ ਵਾਸੀਆਂ ਦੀ ਤੰਦਰੁਸਤੀ ਨੂੰ ਸਮਰਥਨ ਦਿੰਦੀਆਂ ਹਨ।
- Mowat Centre ਵੱਲੋਂ 2013 ਦੀ ਰਿਪੋਰਟ ਦੇ ਅਨੁਸਾਰ, ਓਨਟੇਰੀਓ ਦੇ ਲੋਕਾਂ ਨੇ ਸੰਘੀ ਸਰਕਾਰ ਨੂੰ ਉਸ ਨਾਲੋਂ $11 ਮਿਲੀਅਨ ਦਾ ਜ਼ਿਆਦਾ ਯੋਗਦਾਨ ਦਿੱਤਾ ਜੋ ਉਹਨਾਂ ਨੂੰ 2009–10 ਵਿੱਚ ਵਾਪਸ ਮਿਲਿਆ ਸੀ (ਸਾਲ ਜਿਸਦੇ ਲਈ ਨਵੀਨਤਮ ਡੇਟਾ ਉਪਲਬਧ ਹੈ)। ਇਹ ਪ੍ਰਤੀ ਓਨਟੇਰੀਓ ਵਾਸੀ ਲਈ $850 ਦਰਸਾਉਂਦਾ ਹੈ।
- ਹਰੇਕ ਡਾਲਰ ਦਾ ਹਿਸਾਬ ਰੱਖਣ ਦੀ ਆਪਣੀ ਵਚਨਬੱਧਤਾ ਦੇ ਹਿੱਸੇ ਵਜੋਂ, ਸਰਕਾਰ ਹੁਣ ਓਨਟੇਰੀਓ ਦੀਆਂ ਜਨਤਕ ਸੇਵਾਵਾਂ ਵਿੱਚ ਸੁਧਾਰ ਬਾਰੇ ਕਮਿਸ਼ਨ (ਡਰੱਮਮੋਂਡ ਰਿਪੋਰਟ) (Commission on the Reform of Ontario's Public Services) (the Drummond Report) ਦੀਆਂ ਸਿਫਾਰਸ਼ਾਂ ਵਿੱਚੋਂ 80 ਪ੍ਰਤਿਸ਼ਤ ਤੋਂ ਵੱਧ 'ਤੇ ਕਾਰਵਾਈ ਕਰ ਰਹੀ ਹੈ।
- ਸਰਕਾਰ ਜਨਰਲ ਮੋਟਰਸ ਵਿੱਚ ਸ਼ੇਅਰਾਂ ਅਤੇ ਕੁਝ ਸੂਬਾਈ ਜ਼ਮੀਨੀ ਸੰਪਤੀਆਂ ਵਿੱਚ ਆਪਣੇ ਹਿੱਤ ਦਾ ਮੁੱਲ ਲੈਣ ਲਈ ਅੱਗੇ ਵੱਧ ਰਹੀ ਹੈ ਤਾਂ ਜੋ ਜਨਤਕ ਬੁਨਿਆਦੀ ਢਾਂਚੇ ਵਿੱਚ ਫਿਰ ਨਿਵੇਸ਼ ਕੀਤਾ ਜਾ ਸਕੇ, ਅਤੇ ਇਸ ਨੇ ਮੁੱਖ ਸੂਬਾਈ ਸੰਪਤੀਆਂ ਲਈ ਵਿਕਲਪਾਂ ਦਾ ਮੁਲਾਂਕਣ ਕਰਨ ਲਈ ਸਰਕਾਰੀ ਸੰਪਤੀਆਂ ਬਾਰੇ ਸਲਾਹਕਾਰੀ ਕਾਉਂਸਿਲ (Advisory Council on Government Assets) ਕਾਇਮ ਕੀਤੀ ਹੈ ਜਿਸ ਵਿੱਚ ਓਨਟੇਰੀਓ ਵਾਸੀਆਂ ਲਈ ਬਿਹਤਰ ਫਾਇਦੇ ਅਤੇ ਮਾਲੀਏ ਪੈਦਾ ਕਰਨ ਨੂੰ ਤਰਜੀਹ ਦਿੱਤੀ ਗਈ ਹੈ।
- ਟ੍ਰੈਂਜ਼ਿਟ ਅਤੇ ਢੋਆ-ਢੁਆਈ ਦੇ ਬੁਨਿਆਦੀ ਢਾਂਚੇ ਦੇ ਫੰਡ ਲਈ ਮਦਦ ਵਾਸਤੇ, ਸਰਕਾਰ ਜਹਾਜ਼ਾਂ ਦੇ ਈਂਧਣ 'ਤੇ ਟੈਕਸ ਵਧਾਉਣ ਦੀ ਤਜਵੀਜ਼ ਰੱਖ ਰਹੀ ਹੈ। ਟੈਕਸ 1 ਸਤੰਬਰ 2014 ਤੋਂ ਪ੍ਰਤੀ ਲਿਟਰ ਇੱਕ ਸੈਂਟ ਵੱਧ ਜਾਏਗਾ ਅਤੇ 1 ਅਪ੍ਰੈਲ 2015, 2016 ਅਤੇ 2017 ਨੂੰ ਸਲਾਨਾ ਤੌਰ 'ਤੇ ਪ੍ਰਤੀ ਲਿਟਰ ਇੱਕ ਸੈਂਟ ਵਧਿਆ ਕਰੇਗਾ।
- ਸਰਕਾਰ ਜਨਤਕ ਖੇਤਰ ਦੇ ਮੁਆਵਜ਼ੇ ਅਤੇ ਬੈਨਿਫ਼ਿਟਾਂ ਦੀਆਂ ਲਾਗਤਾਂ ਦਾ ਪ੍ਰਬੰਧਨ ਕਰਨ ਲਈ ਲਗਾਤਾਰ ਮਜ਼ਬੂਤ ਪਰ ਨਿਆਂਈ ਕਦਮ ਚੁੱਕ ਰਹੀ ਹੈ।

**ਵਧੇਰੇ ਜਾਣੋ**

[2014 ਓਨਟੇਰੀਓ ਬਜਟ ਪੜ੍ਹੋ](#)

[ਬਜਟ ਭਾਸ਼ਣ ਪੜ੍ਹੋ](#)

[2014 ਓਨਟੇਰੀਓ ਬਜਟ ਦੀਆਂ ਮੁੱਖ ਵਿਸ਼ੇਸ਼ਤਾਵਾਂ ਪੜ੍ਹੋ](#)

2014 ਓਨਟੇਰੀਓ ਬਜਟ ਬਾਰੇ ਪਿਛੋਕੜ ਜਾਣਕਾਰੀ ਪੜ੍ਹੋ:

- ਗਤੀਸ਼ੀਲ ਕਾਰੋਬਾਰੀ ਮਾਹੌਲ ਅਤੇ ਰੁਜ਼ਗਾਰ ਪੈਦਾ ਕਰਨਾ
- ਆਧੁਨਿਕ ਬੁਨਿਆਦੀ ਢਾਂਚਾ ਬਣਾਉਣਾ
- ਨਿਰਪੱਖ ਸਮਾਜ ਦਾ ਨਿਰਮਾਣ ਕਰਨਾ
- ਓਨਟੇਰੀਓ ਵਾਸੀਆਂ ਲਈ ਸਾਫ, ਭਰੋਸੇਮੰਦ ਅਤੇ ਸਸਤੀ ਊਰਜਾ
- ਓਨਟੇਰੀਓ ਦੀ ਵਿੱਤੀ ਰੂਪਰੇਖਾ ਅਤੇ ਮਾਲੀ ਯੋਜਨਾ
- ਓਨਟੇਰੀਓ ਵਾਸੀਆਂ ਲਈ ਸੰਘੀ ਘੱਟ ਫ਼ੰਡ
- ਓਨਟੇਰੀਓ ਵਿਚ ਰਿਟਾਇਰਮੈਂਟ ਸੁਰੱਖਿਆ ਨੂੰ ਮਜ਼ਬੂਤ ਕਰਨਾ
- 1 ਮਈ 2014 ਨੂੰ ਪੇਸ਼ ਕੀਤੇ ਗਏ ਬਜਟ ਬਿੱਲ ਅਤੇ ਅੱਜ ਦੇ ਬਜਟ ਬਿੱਲ ਵਿਚਕਾਰ ਫ਼ਰਕ

---

**ਸਿਰਫ ਮੀਡੀਆ ਪੁੱਛ-ਗਿੱਛ ਲਈ:**
Susie Heath, **ਮੰਤਰੀ ਦਾ ਆਫਿਸ** (Minister's Office), **416-325-3645**
Scott Blodgett, **ਵਿੱਤ ਮੰਤਰਾਲਾ** (Ministry of Finance), **416-325-0324**

ontario.ca/finance-news

**ਸਿਰਫ ਜਨਤਕ ਪੁੱਛ-ਗਿੱਛ ਲਈ ਫ਼ੋਨ ਕਰੋ:**
**1-800-337-7222**
**ਟੀ.ਟੀ.ਵਾਈ.**: **1-800-263-7776**